# ਪਹੁੰਚਯੋਗਤਾ

ਐਸ ਡਬਲਯੂ ਬੀ ਹੈਚ (SWBH) ਐਨ ਐਚ ਐਸ (NHS) ਟਰਸਟ ਇਕ ਅਜਿਹੀ ਵੈਬਸਾਈਟ ਮੁਹੱਈਆ ਕਰਨ ਵਾਸਤੇ ਵਚਨਬੱਧ ਹੈ ਜਿਹੜੀ ਕਿ ਵਿਸ਼ਾਲ ਸ੍ਰੋਤਾਗਣ ਤੱਕ ਪਹੁੰਚਯੋਗ ਹੋਵੇ, ਟੈਕਨਾਲੋਜੀ ਜਾਂ ਕਾਬਲੀਅਤ ਵੱਲ ਧਿਆਨ ਨਾ ਦਿੰਦੇ ਹੋਏ, ਇਸ ਵਿਚ ਅਪਾਹਜ ਲੋਕ, ਦ੍ਰਿਸ਼ਟੀ ਤੋਂ ਵਾਂਚਿਤ ਲੋਕ, ਅਤੇ ਉਹ ਜਿਹੜੇ ਮੋਟਰ ਅਪੂਰਨਤਾ ਅਤੇ ਮਾਨਸਿਕ ਅਯੋਗਤਾ ਦੇ ਪੀੜਤ ਹਨ ਉਹ ਸੱਭ ਸ਼ਾਮਿਲ ਹਨ।

ਇਹ ਵੈਬਸਾਈਟ ਵਲਡ ਵਾਈਡ ਵੈਬ ਕੰਸੋ੍ਟੀਅਮ (W3C) ਵੈਬ ਕੋਨਟੈਂਟ ਅਕਸੈਸਿਬਲਟੀ ਦੀ ਸੇਧ 2.0 ਮੁਤਾਬਕ AA ਪੱਧਰ ਦੀ ਅਨੁਸਾਰਤਾ ਪੂਰੀ ਕਰਨ ਦੀ ਕੋਸ਼ਿਸ਼ ਕਰਦੀ ਹੈ। ਇਹ ਦਿਸ਼ਾ-ਨਿਰਦੇਸ਼ਣ ਵੈਬਸਾਈਟ ਨੂੰ ਸਾਰਿਆਂ ਵਾਸਤੇ ਉਪਭੋਗਤਾ ਸਹਾਇਕ ਬਣਾਉਣ ਵਾਸਤੇ ਮਸ਼ਵਰਾ ਮੁਹੱਈਆ ਕਰਦੇ ਹਨ।

ਇਸ ਸਾਈਟ ਦੀ ਉਸਾਰੀ ਅਜਿਹੇ ਕੋਡ ਦੀ ਵਰਤੋਂ ਕਰਦੇ ਹੋਏ ਕੀਤੀ ਗਈ ਹੈ ਜਿਹੜਾ ਹੇਚ ਟੀ ਐਮ ਐਲ (HTML) ਅਤੇ ਸੀ ਐਸ ਐਸ (CSS) ਵਾਸਤੇ W3C ਦੇ ਪੱਧਰ ਅਨੁਸਾਰ ਹੈ ਅਤੇ ਮੌਜੂਦਾ ਬਰਾਉਜ਼ਰਾਂ ਵਿਚ ਇਹ ਸਹੀ ਤਰ੍ਹਾਂ ਨਾਲ ਵਿਖਾਈ ਦਵੇਗੀ। ਪੱਧਰ ਅਨੁਸਾਰ ਹੇਚ ਟੀ ਐਮ ਐਲ (HTML)/ਸੀ ਐਸ ਐਸ (CSS) ਕੋਡ ਦੀ ਵਰਤੋਂ ਕਰਦੇ ਹੋਏ, ਭਵਿੱਖ ਵਿਚ ਆਉਣ ਵਾਲੇ ਬਰਾਉਜ਼ਰ ਵੀ ਸਾਰੀ ਜਾਣਕਾਰੀ ਸਹੀ ਤੋਰ ਤੇ ਦਰਸਾਉਣਗੇ।

ਜੇਕਰ ਤੁਹਾਨੂੰ ਇਹ ਵੈਬਸਾਈਟ ਵੇਖਣ ਵਿਚ ਕੋਈ ਪਰੇਸ਼ਾਨੀ ਆਉਂਦੀ ਹੈ, ਸਾਈਟ ਦੀ ਪਹੁੰਚਯੋਗਤਾ ਉਤੇ ਪ੍ਰਤਿ ਪੁਸ਼ਟੀ ਕਰਨਾ ਚਾਹੁੰਦੇ ਹੋ ਜਾਂ ਸਾਡੀ ਪਹੁੰਚਯੋਗਤਾ ਦੇ ਪੱਧਰਾਂ ਬਾਰੇ ਹੋਰ ਜਾਣਨਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਸੰਪਰਕ ਕਰੋ:

Communications Department
Sandwell & West Birmingham Hospitals NHS Trust,
City Hospital,
Dudley Road,
Birmingham.
B18 7QH
ਟੈਲੀਫੋਨ : +44 (0)121 507 5676
ਈਮੇਲ : swbh.comms@nhs.net

# ਗੂਗਲ ਅਨੁਵਾਦਕ

ਅਸੀਂ ਆਪਣੀਆਂ ਸਾਰੀਆਂ ਵੈਬਸਾਈਟਾਂ ਵਿਚ ਗੂਗਲ ਅਨੁਵਾਦਕ ਦੀ ਤਾਮੀਲ ਕਰਦੇ ਹਾਂ ਇਹ ਪੱਕਾ ਬਣਾਉਣ ਵਾਸਤੇ ਕਿ ਮੁਹੱਈਆ ਕੀਤੀ ਜਾਣਕਾਰੀ ਦਾ ਛੇਤੀ ਹੀ ਬਹੁਤ ਸਾਰੀਆਂ ਭਾਸਾਂਵਾਂ ਵਿੱਚ ਅਨੁਵਾਦ ਹੋ ਸਕੇ।

ਅਨੁਵਾਦ ਇਕ ਔਨਲਾਈਨ ਐਟੋਮੇਟਿੱਡ ਅਨੁਵਾਦੀ ਸੇਵਾ ਰਾਹੀ ਕੀਤਾ ਗਿਆ ਹੈ ਅਤੇ ਸਿੱਟੇ ਵੱਜੋ ਇਸ ਵਿਚ ਕੁੱਝ ਗਲਤੀਆਂ ਹੋ ਸਕਦੀਆਂ ਹਨ। ਕਿਰਪਾ ਕਰਕੇ ਅਨੁਵਾਦ ਨੂੰ ਸਿਰਫ ਇਕ ਕੱਚੀ ਗਾਈਡ ਵੱਜੋ ਵਰਤੋ। SWBH NHS ਟਰਸਟ ਇਸ ਸਾਈਟ ਵਿਚ ਅਨੁਵਾਦ ਦੀ ਸੁਨਿਸ਼ਚਿਤਤਾ ਬਾਰੇ ਜਾਂ ਉਨ੍ਹਾਂ ਅਨੁਵਾਦਾਂ ਵਿਚ ਸ਼ਾਮਲ ਕਿਸੇ ਵੀ ਜਾਣਕਾਰੀ ਉਤੇ ਵਿਸ਼ਵਾਸ ਦੀ ਕੋਈ ਜ਼ੁੰਮੇਵਾਰੀ ਸਵੀਕਾਰ ਨਹੀਂ ਕਰਦਾ।

ਜੇਕਰ ਤੁਸੀਂ ਸਾਈਟ ਦੇ ਤੱਤਾਂ ਦਾ ਅਨੁਵਾਦ ਅਜਿਹੀ ਭਾਸ਼ਾ ਵਿਚ ਚਾਹੁੰਦੇ ਹੋ ਜਿਹੜੀ ਉਪਲੱਬਦ ਨਹੀ ਹੈ, ਕਿਰਪਾ ਕਰਕੇ komal.keshavala@nhs.net ਉਤੇ ਸਾਡੇ ਨਾਲ ਸੰਪਰਕ ਕਰੋ ਤਾਂ ਕਿ ਅਸੀਂ ਤੁਹਾਡੇ ਵਾਸਤੇ ਇਸ ਦਾ ਬੰਦੋਬਤ ਕਰ ਸਕੀਏ।

# ਇਸ ਸਾਈਟ ਨੂੰ ਸੁਣਨ ਵਾਸਤੇ

ਇਸ ਵੈਬਸਾਈਟ ਨੂੰ ਸੁਣਿਆ ਵੀ ਜਾ ਸਕਦਾ ਹੈ, ਇਸ ਦਾ ਮਤਲੱਬ ਇਹ ਹੈ ਕਿ ਤੁਸੀਂ ਇਕ ਮੁਫਤ ਸੋਫਟਵਿਅਰ ਆਪਣੇ ਨਿਜੀ ਕੰਪਿਊਟਰ ਉਤੇ ਉਤਾਰ ਸਕਦੇ ਹੋ ਅਤੇ ਇਸ ਸਾਈਟ ਨੂੰ ਸਪਸ਼ਟ ਰੂਪ ਵਿਚ ਸੁਣ ਸਕਦੇ ਹੋ।

ਇਸ ਸੋਫਟਵਿਅਰ ਦਾ ਨਾਮ ਬਰਾਉਜ਼ਅਲਾਉਡ ਹੈ, ਇਹ ਯੂਕੇ ਅਤੇ ਯੂਐਸਏ ਵਿਚ 7,000 ਤੋਂ ਉਤੇ ਵੈਬਸਾਈਟਾਂ ਰਾਹੀ ਵਰਤਿਆ ਜਾ ਰਿਹਾ ਹੈ।

### ਇਸ ਵੈਬਸਾਈਟ ਨੂੰ ਬਰਾਉਜ਼ਅਲਾਉਡ ਰਾਹੀ ਸੁਣਨਾ

ਭਾਵੇਂ ਤੁਸੀਂ ਸਮਾਰਟ ਫੋਨ, ਟੈਬਲਿਟ, ਪੀਸੀ ਜਾਂ ਮੈਕ ਦਾ ਇਸਤਿਮਾਲ ਕਰਦੇ ਹੋ, ਬਰਾਉਜ਼ਅਲਾਉਡ ਤੁਹਾਨੂੰ ਮੁਫਤ ਪੜ੍ਹਤ ਸਹਾਇਕ ਸਮਗਰੀ ਮੁਹੱਈਆ ਕਰਦਾ ਹੈ।

## ਬਰਾਉਜ਼ਅਲਾਉਡ ਕੀ ਹੈ?

ਬਰਾਉਜ਼ਅਲਾਉਡ ਇਕ ਅਜਿਹੇ ਪੈਦਾਵਾਰ ਦਾ ਜੁੱਟ ਹੈ ਜਿਹੜਾ ਵੈਬਸਾਈਟਾਂ ਵਾਸਤੇ ਪੜ੍ਹਤ ਸਹਾਇਤਾ ਮੁਹੱਈਆ ਕਰਦੇ ਹਨ। ਬਰਾਉਜ਼ਅਲਾਉਡ ਸਪਸ਼ਟ ਰੂਪ ਵਿਚ ਵੈਬਸਾਈਟ ਦੀ ਸਮਗਰੀ ਨੂੰ ਪੜ੍ਹਦਾ ਹੈ, ਜਿਵੇਂ ਜਿਵੇਂ ਉਹ ਉੱਤਮ ਖ਼ੂਬੀ ਨਾਲ ਬੋਲਦਾ ਹੈ, ਮਨੁੱਖੀ ਅਵਾਜ਼ ਵਿਚ, ਉਵੇਂ ਉਵੇਂ ਉਹ ਹਰ ਇਕ ਲਫਜ਼ ਨੂੰ ਉਜਾਗਰ (ਹਾਈਲਾਈਟ) ਵੀ ਕਰਦਾ ਹੈ।

ਇਸ ਦੀਆਂ ਹੋਰ ਵਿਸ਼ੇਸ਼ਤਾਵਾਂ ਵਿਚ ਹੇਠ ਵੀ ਸ਼ਾਮਲ ਹਨ:

- ਦੂਹਰੇ ਰੰਗ ਦੀ ਹਾਈਲਾਈਟਿੰਗ
- ਟੈਕੱਸਟ ਦਾ ਵਿਸ਼ਾਲੀਕਰਨ
- ਬੋਲਣ ਵਾਲਾ ਸ਼ਬਦ-ਕੋਸ਼
- ਬੋਲਣ ਵਾਲਾ ਟ੍ਰਾਂਸਲੇਟਰ
- ਐਮ ਪੀ 3 ਮੇਕਰ (ਨਿਰਮਾਤਾ)
- ਸਕ੍ਰੀਨ ਮਾਸਕਿੰਗ

7,000 ਤੋਂ ਉਤੇ ਵੈਬਸਾਈਟਾਂ ਬਰਾਉਜ਼ਅਲਾਉਡ ਦਾ ਇਸਤਿਮਾਲ ਕਰ ਰਹੀਆਂ ਹਨ, ਜੱਦ ਤੁਸੀਂ ਇਹ ਆਪਣੇ ਯੰਤਰ ਉਤੇ ਸਥਾਪਿਤ ਕਰ ਲੈਂਦੇ ਹੋ ਉਸ ਤੋਂ ਬਾਦ ਤੁਸੀਂ ਇਨ੍ਹਾਂ ਸਾਰੀਆਂ ਵੈਬਸਾਈਟਾਂ ਨੂੰ ਵੀ ਸੁਣ ਸਕਦੇ ਹੋ।

## ਬਰਾਉਜ਼ਅਲਾਉਡ ਕਿਨ੍ਹਾਂ ਦੀ ਮਦਦ ਕਰਦਾ ਹੈ?

ਬਰਾਉਜ਼ਅਲਾਉਡ ਉਨ੍ਹਾਂ ਸਾਰੇ ਵੈਬਸਾਈਟ ਦਰਸ਼ਕਾਂ ਦੀ ਮਦਦ ਕਰਦਾ ਹੈ ਜਿਨ੍ਹਾਂ ਨੂੰ ਔਨਲਾਈਨ ਪੜ੍ਹਨੇ ਵਿਚ ਸਹਾਇਤਾ ਦੀ ਲੋੜ ਹੋਵੇ ਜਾਂ ਸਧਾਰਨ ਰੂਪ ਵਿਚ ਵੈਬਸਾਈਟ ਵਿਚ ਦਿਤੀ ਜਾਣਕਾਰੀ ਨੂੰ ਪੜ੍ਹਨ ਦੀ ਬਜਾਏ ਸੁਣਨ ਦੀ ਇੱਛਾ ਕਰਦੇ ਹੋਣ। ਬਰਾਉਜ਼ਅਲਾਉਡ ਖਾਸ ਕਰਕੇ ਉਨ੍ਹਾਂ ਵਾਸਤੇ ਲਾਭਦਾਇਕ ਹੈ ਜਿਨ੍ਹਾਂ ਨੂੰ ਪਰਿੰਟ ਅਯੋਗਤਾ ਹੋਵੇ ਜਿਵੇਂ ਕਿ ਡਿਸਲੈਕਸਿਆ ਜਾਂ ਜਿਨ੍ਹਾਂ ਨੂੰ ਚੰਗੀ ਤਰ੍ਹਾਂ ਦਿਸਦਾ ਨਾ ਹੋਵੇ ਅਤੇ ਉਨ੍ਹਾਂ ਵਾਸਤੇ ਜਿਨ੍ਹਾਂ ਦੀ ਅੰਗਰੇਜ਼ੀ ਦੂਸਰੀ ਭਾਸ਼ਾ ਹੈ।

## ਆਪਣੀ ਵੈਬਸਾਈਟ ਨੂੰ ਅਸੀਂ ਬੋਲਣ ਸਮਰੱਥ ਕਿਉਂ ਬਣਾਇਆ ਹੈ?

ਆਪਣੀ ਵੈਬਸਾਈਟ ਨੂੰ ਬੋਲਣ ਸਮਰੱਥ ਬਣਾਉਣ ਨਾਲ ਅਸੀਂ ਇਸ ਦੀ ਸਮਗਰੀ ਨੂੰ ਉਨ੍ਹਾਂ ਲੋਕਾਂ ਤੱਕ ਪਹੁੰਚਾ ਸਕਦੇ ਹਾਂ ਜਿਨ੍ਹਾਂ ਨੂੰ ਪੜ੍ਹਨੇ ਵਿਚ ਮੁਸ਼ਕਲ ਆਉਂਦੀ ਹੈ। ਇਨ੍ਹਾਂ ਵਿਚ ਉਹ ਸ਼ਾਮਲ ਹਨ ਜਿਨ੍ਹਾਂ ਨੂੰ ਡਿਸਲੈਕਸਿਆ ਜਾਂ ਇਲਮੀ ਸਮੱਸਿਆ ਹੋਵੇ, ਉਨ੍ਹਾਂ ਵਾਸਤੇ ਜਿਨ੍ਹਾਂ ਦੀ ਅੰਗਰੇਜ਼ੀ ਪਹਿਲੀ ਭਾਸ਼ਾ ਨਹੀ, ਜਾਂ ਜਿਨ੍ਹਾਂ ਨੂੰ ਚੰਗੀ ਤਰ੍ਹਾਂ ਦਿਸਦਾ ਨਾ ਹੋਵੇ। ਇਹ ਹੋਰ ਕਿਸਮ ਦੇ ਸਕ੍ਰੀਨ ਰੀਡਰਾਂ ਨੂੰ ਬਦਲਣ ਦਾ ਇਰਾਦਾ ਨਹੀਂ ਰੱਖਦਾ।

ਬਰਾਉਜ਼ਅਲਾਉਡ ਦੀ ਪੈਦਾਵਾਰ ਨਾਲ ਵਧੇਰੀ ਮਦਦ ਅਤੇ ਸਹਾਇਆ ਵਾਸਤੇ ਬਰਾਉਜ਼ਅਲਾਉਡ ਦੀ ਵੈਬਸਾਈਟ ਤੇ ਐਫ ਏ ਕਿਓ (FAQs) ਸੈਕਸ਼ਨ ਵੇਖੋ।

## ਬਰਾਉਜ਼ਅਲਾਉਡ ਨੂੰ ਡਾਉਨਲੋਡ ਕਰਨਾ

ਹੇਠਾਂ ਦਿੱਤੀ ਤਸਵੀਰ ਉਤੇ ਕਲੀਕ ਕਰੋ ਅਤੇ ਇਹ ਤੁਹਾਨੂੰ ਇਕ ਵੱਖਰੀ ਸਾਈਟ ਤੇ ਲੈ ਜਾਵੇਗਾ ਜਿੱਥੇ ਤੁਹਾਨੂੰ ਇਹ ਡਾਉਨਲੋਡ ਕਰਨ ਅਤੇ ਇਸ ਨੂੰ ਸਥਾਪਿਤ ਕਰਨ ਬਾਰੇ ਪੂਰੀਆਂ ਹਿਦਾਇਤਾਂ ਮਿਲਣਗੀਆਂ। ਬਰਾਉਜ਼ਅਲਾਉਡ ਦਾ ਆਈਕੋਨ (ਚਿੰਨ੍ਹ) ਤੁਹਾਡੀ ਸਿਸਟਮ ਟ੍ਰੇਅ ਵਿਚ ਟਿਕਾ ਦਿੱਤਾ ਜਾਵੇਗਾ ਜਿਹੜਾ ਤੁਹਾਡੇ ਬਰਾਉਜ਼ਰ ਦੇ ਥੱਲੜੇ ਸੱਜੇ ਪਾਸੇ ਹੈ।